**ਕਿਰਿਆ :-** ਜਿਹੜਾ ਸ਼ਬਦ ਕਿਸੇ ਵਸਤੂ ਦੇ ਕੰਮ ਨੂੰ ਕਾਲ ਸਹਿਤ ਹੋਣਾ ਜਾਂ ਕਰਨਾ ਪਰਗਟ ਕਰੇ, ਉਸ ਨੂੰ **ਕਿਰਿਆ** ਆਖਦੇ ਹਨ, ਜਿਵੇਂ:- ਹਸਦਾ, ਉਡਦਾ, ਵਰ੍ਹਦਾ, ਖਾਧੀ, ਜਾਵੇਗਾ, ਆਦਿ ਸ਼ਬਦ ' ਕਿਰਿਆ ' ਹਨ।

**ਕਿਰਿਆ ਦੀਆਂ ਕੁਝ ਵਿਸ਼ੇਸ਼ਤਾਈਆਂ:**

1. ਹਰ ਵਾਕ ਵਿੱਚ ਕਿਰਿਆ ਹੁੰਦੀ ਹੈ।
2. ਕਿਰਿਆ ਆਮ ਤੌਰ 'ਤੇ ਵਾਕ ਦੇ ਅੰਤ ਵਿੱਚ ਆਉਂਦੀ ਹੈ।
3. ਕਿਰਿਆ ਤੋਂ ਬਿਨਾਂ ਕਿਸੇ ਵਾਕ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।
4. ਕਿਰਿਆ ਤੋਂ ਵਾਕ ਵਿੱਚ ਕਰਤਾ, ਕਰਮ, ਕਰਨ ਆਦਿ ਦਾ ਪਤਾ ਲਗਦਾ ਹੈ।

**ਕਰਤਾ - ਕਰਮ** : ਕਿਸੇ ਵਾਕ ਵਿੱਚ **ਕੰਮ ਕਰਨ ਵਾਲੇ ਨੂੰ** **ਕਰਤਾ** ਕਿਹਾ ਜਾਂਦਾ ਹੈ ਅਤੇ **ਜਿਸ ਉਤੇ ਉਹ ਕੰਮ ਕੀਤਾ ਜਾਵੇ, ਉਸ ਨੂੰ** **ਕਰਮ** ਕਿਹਾ ਜਾਂਦਾ ਹੈ, ਜਿਵੇਂ:

ਸੁੰਦਰ ਸਿੰਘ ਨੇ ਪਾਣੀ ਪੀਤਾ। ਇਸ ਵਾਕ ਵਿੱਚ ਸੁੰਦਰ ਸਿੰਘ ਕਰਤਾ ਹੈ ਅਤੇ ਪੀਣ ਦਾ ਕੰਮ ਪਾਣੀ ਉਤੇ ਹੋਇਆ ਹੈ, ਇਸ ਲਈ ਸੁੰਦਰ ਸਿੰਘ ਜੋ ਕਰਤਾ ਹੈ , ਉਸ ਲਈ ' ਪਾਣੀ ' ਕਰਮ ਹੈ।

## Let's do find some VERBS AND AUXILARY VERBS

- ਸਭ੍ਹ ਨੇ ਹਿਸਾਬ ਦੇਣਾ ਹੈ । ਇਹ ਮੁੰਡਾ ਖੇਡ ਵਿੱਚ ਵਧੇਰੇ ਦਿਲਚਸਪੀ ਰੱਖਦਾ ਹੈ।
- ਕਿਸ ਨੇ ਸ਼ਰਾਰਤ ਕੀਤੀ ਹੈ ? ਮੋਹਨ ਚਲਾਕ ਹੈ, ਜੋ ਸ਼ਰਾਰਤ ਕਰਕੇ ਚੁੱਪ ਕਰ ਜਾਂਦਾ ਹੈ ।
- ਇੱਕ ਵਾਰੀ ਇੱਕ ਪਿੰਡ ਵਿੱਚ ਇੱਕ ਬਜ਼ੁਰਗ ਰਹਿੰਦਾ ਸੀ। ਖੇਤ ਵਾਹੀ ਨਾ ਹੋਣ ਕਰਕੇ ਬੰਜਰ ਬਣ ਚੁੱਕੇ ਸਨ।
- ਘਰ ਫਸਲ ਨਾ ਆਉਣ ਕਰਕੇ ਗਰੀਬੀ ਵੱਧ ਚੁੱਕੀ ਸੀ।
- ਪਰ ਉਸਦੇ ਪੁੱਤਰ ਇਸ ਗੱਲ ਨੂੰ ਅਣਗੌਲਿਆ ਕਰਕੇ ਵਕਤ ਬਰਬਾਦ ਕਰ ਰਹੇ ਸਨ।

- ਕਾਫ਼ੀ ਸੋਚ ਵਿਚਾਰ ਕੇ ਬਜ਼ੁਰਗ ਨੇ ਇੱਕ ਵਿਉਂਤ ਬਣਾਈ।
- ਆਪਣੇ ਖੇਤਾਂ ਵਿੱਚ ਸੋਨੇ ਦੀਆਂ ਮੋਹਰਾਂ ਨਾਲ ਭਰੀ ਇੱਕ ਦੇਗ ਦੱਬੀ ਹੋਈ ਹੈ,
- ਇਹ ਕਹਿ ਕੇ ਬਜ਼ੁਰਗ ਨੇ ਸਵਾਸ ਤਿਆਗ ਦਿੱਤੇ।ਕੁਝ ਦਿਨਾਂ ਬਾਦ ਪੁੱਤਰਾਂ ਨੇ ਖੇਤਾਂ ਨੂੰ ਪੁੱਟਣਾ ਸ਼ੁਰੂ ਕੀਤਾ।
- ਇਕ ਸਿਰੇ ਤੋਂ ਲੈ ਕੇ ਆਖਰੀ ਸਿਰੇ ਤੱਕ ਸਾਰੀਆਂ ਪੈਲੀਆਂ ਪੁੱਟ ਪੁੱਟ ਕੇ ਪੋਲੀਆਂ ਕਰ ਦਿੱਤੀਆਂ ਪਰ ਦੇਗ਼ ਨਾ ਲੱਭੀ।
- 4-5 ਮਹੀਨਿਆਂ ਵਿੱਚ ਹੀ ਕਣਕ ਪੱਕ ਕੇ ਤਿਆਰ ਹੋ ਗਈ।
- ਇਹ ਵੇਖਕੇ ਚਾਰੇ ਭਰਾ ਬਹੁਤ ਖੁਸ਼ ਹੋਏ
- ਉਸ ਦਿਨ ਤੋਂ ਉਹਨਾਂ ਸਖ਼ਤ ਮੇਹਨਤ ਕਰਨ ਦਾ ਮਨ ਬਣਾ ਲਿਆ।
- ਇਤਨੀ ਛੋਟੀ ਉਮਰ ਵਿੱਚ ਹੀ ਉਨ੍ਹਾਂ ਦੇ ਦਿਲ ਵਿੱਚ ਜੋਸ਼ ਤੇ ਬੀਰਤਾ ਦੀ ਜਵਾਲਾ ਭੜਕ ਰਹੀ ਸੀ ।
- ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੂੰ ਹੁਕਮ ਕੀਤਾ ਸੀ ਕਿ ਹੁਣ ਹਥਿਆਰ ਅਤੇ ਫੌਜਾਂ ਤਿਆਰ ਕਰਨ ਦਾ ਸਮਾਂ ਆ ਗਿਆ ਹੈ ।
- ਗੁਰੂ ਘਰ ਦੀ ਰਸਮ ਅਨੁਸਾਰ ਗੁਰੂ ਹਰਿਗੋਬਿੰਦ ਜੀ ਦੇ ਦਸਤਾਰ ਸਜਾਈ
- ਗੁਰੂ ਘਰ ਵਿੱਚ ਕੇਵਲ ਭਗਤੀ ਹੀ ਨਹੀ ਬਲਕਿ ਸ਼ਕਤੀ ਦਾ ਵੀ ਪ੍ਰਵੇਸ਼ ਕਰਵਾ ਦਿੱਤਾ ।
- ਮੀਰੀ-ਪੀਰੀ ਦੀਆਂ ਕਿਰਪਾਨਾ ਉਨ੍ਹਾਂ ਨੇ ਕੇਵਲ ਨਾਂ ਲਈ ਹੀ ਨਹੀਂ ਪਹਿਨੀਆਂ ਸਗੋਂ ਉਨ੍ਹਾਂ ਦੇ ਆਸ਼ੇ ਅਨੁਸਾਰ ਅਸਲੀ ਕੰਮ ਭੀ ਸ਼ੁਰੂ ਕਰ ਦਿੱਤਾ ।
- ਜਵਾਨ ਸਿੱਖਾਂ ਨੂੰ ਇਕਠਿਆਂ ਕਰ ਕੇ ਫੌਜ ਤਿਆਰ ਕਰਨੀ ਸ਼ੁਰੂ ਕਰ ਦਿੱਤੀ ।
- ਸੰਗਤਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਲਿਆਉਣ ਲਈ ਕਿਹਾ ।
- ਸਿੱਖਾਂ ਨੂੰ ਘੋੜ ਸਵਾਰ ਅਤੇ ਸ਼ਸਤ੍ਰ ਵਿਦਿਆ ਦਾ ਅਭਿਆਸ ਰੋਜ਼ ਕਰਾਉਂਦੇ ।
- ਉਨ੍ਹਾਂ ਨੇ ਪੂਰੀ ਜੰਗੀ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਰਾਜਿਆਂ ਵਾਂਗ ਸ਼ਾਹੀ ਠਾਠ ਨਾਲ ਰਹਿੰਦੇ ਸਨ।
- ਗੁਰ-ਗੱਦੀ ਤੇ ਬੈਠਣ ਵਾਲੇ ਸਾਲ ਹੀ ਉਹਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਸ਼ੁਰੂ ਕਰ ਦਿੱਤੀ,
- ਲੋਹਗੜ੍ਹ ਬੁਰਜ ਅਤੇ ਸ਼ਹਿਰ ਦੀ ਰਖਿਆ ਲਈ ਕੁਝ ਹੋਰ ਕਿਲੇ ਵੀ ਬਣਵਾਏ ।
- ਅਕਾਲ ਤਖਤ ਦਾ ਪਹਿਲਾ ਜਥੇਦਾਰ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਬਣਾਇਆ ।
- ਅੱਜ ਵੀ ਸਿੱਖਾਂ ਦੇ ਪੰਥਕ ਮਸਲੇ ਅਕਾਲ ਤਖਤ ਤੋਂ ਹੀ ਸੁਲਝਾਏ ਜਾਂਦੇ ਹਨ ।